# ਜਗ ਬਾਣੀ

**Thursday,18 August 2022**


# ਨਦੀਆਂ ਦੀ ਹਿੱਕ 'ਤੇ ਨੱਚ ਰਿਹਾ ਖੋਦਾਈ ਮਾਫੀਆ

**ਸਦੀਆਂ** ਤੋਂ ਨਦੀਆਂ, ਝਰਨਿਆਂ, ਬੂਟਿਆਂ-ਰੁੱਖਾਂ ਅਤੇ ਪਹਾੜਾਂ ਦੀ ਪੂਜਾ ਕਰਨ ਵਾਲੇ ਦੇਸ਼ ਦੇ ਵਾਸੀ ਅੱਜ ਬੜੀ ਹੀ ਬੇਰਹਿਮੀ ਨਾਲ ਇਨ੍ਹਾਂ ਸਾਰਿਆਂ ਦੀ ਅੰਨੇਵਾਹ ਖੋਦਾਈ ਅਤੇ ਸ਼ੋਸ਼ਣ ਕਰ ਰਹੇ ਹਨ ਜਿਸ ਦਾ ਅਸਰ ਸਾਡੇ ਵਾਤਾਵਰਣ 'ਤੇ ਪ੍ਰਤੱਖ ਤੇ ਅਪ੍ਰਤੱਖ ਦੋਵਾਂ ਹੀ ਰੂਪਾਂ 'ਚ ਪੈ ਰਿਹਾ ਹੈ। ਖੋਦਾਈ ਦੇ ਬਾਅਦ ਕੱਢੀ ਗਈ ਰੇਤ ਹਵਾ 'ਚ ਉੱਡ ਕੇ ਸ਼ੁੱਧ ਹਵਾ ਨੂੰ ਵੀ ਗੰਦਾ ਕਰਦੀ ਹੈ। ਇਸ ਦਾ ਅਸਰ ਮਨੁੱਖੀ ਜ਼ਿੰਦਗੀ 'ਤੇ ਪੈਂਦਾ ਹੈ।

ਸਾਹ ਦੇ ਨਾਲ ਰੇਤ ਦੇ ਕਣ ਸਾਡੇ ਫੇਫੜਿਆਂ 'ਚ ਪਹੁੰਚ ਕੇ ਨਵੀਆਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਨਦੀਆਂ ਤੇ ਤਾਲਾਬਾਂ ਤੋਂ ਖੋਦਾਈ ਕਰ ਕੇ ਲਿਆਂਦੀ ਗਈ ਰੇਤ ਦੀ ਆਵਾਜਾਈ ਖੁੱਲ੍ਹੇ ਵਾਹਨਾਂ 'ਚ ਕੀਤੀ ਜਾਂਦੀ ਹੈ, ਜੋ ਹਵਾ ਦੇ ਨਾਲ ਉੱਡ ਕੇ ਵਾਤਾਵਰਣ ਦੂਸ਼ਿਤ ਕਰਦੀ ਹੈ। ਮੌਜੂਦਾ ਸਮੇਂ 'ਚ ਖੋਦਾਈ ਇਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਇਸ ਨੂੰ ਰੋਕਣਾ ਅਤੀ ਜ਼ਰੂਰੀ ਹੈ। ਖੋਦਾਈ ਦੇ ਕਾਰਨ ਵਾਤਾਵਰਣ ਨੂੰ ਨੁਕਸਾਨ ਹੋ ਰਿਹਾ ਹੈ। ਪਹਾੜਾਂ ਦੀ ਸੁੰਦਰਤਾ ਗੁਆਚਦੀ ਜਾ ਰਹੀ ਹੈ, ਨਾਜਾਇਜ਼ ਖੋਦਾਈ ਦੀਆਂ ਸਰਗਰਮੀਆਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਇਸ ਸੰਦਰਭ 'ਚ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਵੀ ਕਈ ਹੁਕਮ ਜਾਰੀ ਕੀਤੇ ਗਏ ਹਨ ਜਿਸ ਦੀ ਪਾਲਣਾ ਯਕੀਨੀ ਹੋਣੀ ਚਾਹੀਦੀ ਹੈ। ਸਰਕਾਰ ਵੱਲੋਂ ਬੇਸ਼ੱਕ ਹੀ ਨਾਜਾਇਜ਼ ਖੋਦਾਈ 'ਚ ਰੋਕ ਲਾ ਦਿੱਤੀ ਗਈ ਹੈ ਪਰ ਇੱਥੇ ਅੱਜ ਵੀ ਇਹ ਖੇਡ ਜਾਰੀ ਹੈ। ਨਾਜਾਇਜ਼ ਖੋਦਾਈ 'ਚ ਲੱਗੇ ਇਨ੍ਹਾਂ ਮਾਫੀਆ ਨੂੰ ਨਾ ਹੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਦੀ ਪ੍ਰਵਾਹ ਹੈ ਤੇ ਨਾ ਹੀ ਪ੍ਰਸ਼ਾਸਨ ਦਾ ਡਰ। ਸ਼ਾਮ ਹੁੰਦੇ ਹੀ ਨਾਜਾਇਜ਼ ਖੋਦਾਈ ਦਾ ਧੰਦਾ ਸ਼ੁਰੂ ਹੋ ਜਾਂਦਾ ਹੈ। ਸੜਕਾਂ 'ਤੇ ਰਾਤ ਭਰ ਟ੍ਰੈਕਟਰ-ਟ੍ਰਾਲੀਆਂ ਰੇਤਾ, ਮਿੱਟੀ ਭਰ ਕੇ ਬੇ-ਰੋਕਟੋਕ ਦੌੜਣਾ ਸ਼ੁਰੂ ਕਰ ਦਿੰਦੀਆਂ ਹਨ।

ਸਵੇਰ ਹੋਣ ਤੋਂ ਪਹਿਲਾਂ ਬੰਦ ਕਰ ਦਿੱਤਾ ਜਾਂਦਾ ਹੈ। ਇਹ ਕਾਰੋਬਾਰ ਖੂਬ ਫਲਫੁਲ ਰਿਹਾ ਹੈ। ਚੰਗੀ ਇਨਕਮ ਹੋਣ ਕਾਰਨ ਖੋਦਾਈ ਮਾਫੀਆ ਇਸ ਨੂੰ ਛੱਡਣ ਲਈ ਤਿਆਰ ਨਹੀਂ, ਖਾਸ ਤੌਰ 'ਤੇ ਗੰਗਾ ਕੰਢੇ ਚੱਲ ਰਹੀ ਨਾਜਾਇਸ਼ ਖੋਦਾਈ ਨਾਲ ਜਿੱਥੇ ਗੰਗਾ ਦੀ ਜਲਧਾਰਾ ਪ੍ਰਭਾਵਿਤ ਹੋ ਰਹੀ ਹੈ, ਉੱਥੇ ਹੀ ਜਲ ਜੀਵਾਂ 'ਤੇ ਵੀ ਇਸ ਦਾ ਬੁਰਾ ਅਸਰ ਪੈ ਰਿਹਾ ਹੈ। ਖਾਸ ਕਰ ਕੇ ਡਾਲਫਿਨ ਮੱਛੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਕਮੀ ਆਈ ਹੈ।



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਇਹ ਮਾਫੀਆ ਦਰਅਸਲ ਸਰਕਾਰ ਤੋਂ ਕੁਝ ਥਾਵਾਂ 'ਤੇ ਖੋਦਾਈ ਦੀ ਇਜਾਜ਼ਤ ਲੈਂਦੇ ਹਨ, ਜਿਸ 'ਤੇ ਉਹ ਇਕ ਤੈਅ ਟੈਕਸ ਵੀ ਅਦਾ ਕਰਦੇ ਹਨ ਪਰ ਬਾਅਦ 'ਚ ਉਹ ਇਕ ਵੱਡੇ ਇਲਾਕੇ 'ਚ ਕਬਜ਼ਾ ਕਰ ਲੈਂਦੇ ਹਨ ਅਤੇ ਮੋਟਾ ਮੁਨਾਫਾ ਕਮਾਉਣਾ ਸ਼ੁਰੂ ਕਰ ਦਿੰਦੇ ਹਨ। ਇੱਥੇ ਹੀ ਹੁੰਦਾ ਹੈ ਖੋਦਾਈ ਮਾਫੀਆ ਦੇ ਕੰਮ ਦਾ ਤਰੀਕਾ ਜੋ ਲਗਭਗ ਹਰ ਥਾਂ ਇਕੋ ਜਿਹਾ ਹੀ ਹੁੰਦਾ ਹੈ।

ਖੋਦਾਈ ਮਾਫੀਆ ਦੇ ਖੌਫ ਤੋਂ ਪ੍ਰੇਸ਼ਾਨ ਹੋ ਕੇ ਪਵਿੱਤਰ ਨਦੀਆਂ ਦੇ ਵਹਿਣ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਹੁਣ ਸਾਧੂ ਸੰਤਾਂ ਨੂੰ ਸਾਹਮਣੇ ਆਉਣਾ ਪੈ ਰਿਹਾ ਹੈ। ਹਾਲ ਹੀ 'ਚ ਰਾਜਸਥਾਨ 'ਚ ਇਕ 65 ਸਾਲਾ ਸੰਤ ਬਾਬਾ ਵਿਜੇ ਦਾਸ ਜੀ ਨੇ ਰਾਤ- ਦਿਨ ਲਗਾਤਾਰ ਹੋ ਰਹੀ ਖੋਦਾਈ ਤੋਂ ਤੰਗ ਆ ਕੇ ਸਥਾਨਕ ਟਾਵਰ 'ਤੇ ਚੜ੍ਹ ਕੇ ਆਪਣੇ ਸਰੀਰ 'ਤੇ ਮਿੱਟੀ ਦਾ ਤੇਲ ਸੁੱਟ ਕੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ, ਗੰਭੀਰ ਰੂਪ 'ਚ ਝੁਲਸਣ ਦੇ ਬਾਅਦ ਉਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਾ ਕੇ ਬਚਾਇਆ ਗਿਆ।



ਇੰਨਾ ਹੀ ਨਹੀਂ ਮਾਂ ਗੰਗਾ ਦੀ ਵਹਾਅ ਅਤੇ ਅਖੰਡਤਾ ਦੀ ਲੜਾਈ ਲੜਨ ਵਾਲੀ ਇਕ ਹੋਰ ਸੰਸਥਾ ਮਾਤਰਸਦਨ ਹਰਿਦੁਆਰ ਸਮੇਂ ਸਮੇਂ 'ਤੇ ਨਾਜਾਇਜ਼ ਖੋਦਾਈ ਦੇ ਵਿਰੁੱਧ ਸਰਗਰਮ ਤੌਰ 'ਤੇ ਖੋਦਾਈ ਮਾਫੀਆ ਦਾ ਵਿਰੋਧ ਕਰਦੀ ਰਹੀ। ਮਾਤਰਸਦਨ ਮਾਂ ਗੰਗਾ ਦੇ ਸੰਕਟ ਹੱਲ ਲਈ ਕੰਮ ਕਰ ਰਹੀ ਹੈ। ਮਾਤਰਸਦਨ ਦੇ ਸੰਸਥਾਪਕ ਸਵਾਮੀ ਸ਼ਿਵਾਨੰਦ ਸੰਰਸਵਤੀ ਜੀ ਨੇ ਮਾਂ ਗੰਗਾ ਦੇ ਲਈ ਆਪਣੀ ਸਾਰੀ ਜ਼ਿੰਦਗੀ ਸਮਰਪਣ ਕੀਤੀ।

ਅੰਨੇਵਾਹ ਖੋਦਾਈ ਕਰਨੀ ਆਪਣੇ ਪੈਰਾਂ 'ਤੇ ਕੁਹਾੜੀ ਮਾਰਨ ਦੇ ਬਰਾਬਰ ਹੈ। ਇਸ ਨਾਲ ਜੰਗਲੀ ਇਲਾਕੇ 'ਚ ਕਮੀ ਹੁੰਦੀ ਹੈ। ਇਸ ਨਾਲ ਮੀਂਹ ਵੀ ਘੱਟ ਪੈਂਦਾ ਹੈ। ਭਵਿੱਖ ਲਈ ਸਰੋਤ ਘੱਟ ਹੋਣ ਨਾਲ ਪਲਾਸਟਿਕ ਵਰਗੇ ਵਾਤਾਵਰਣ ਲਈ ਹਾਨੀਕਾਰਕ ਪਦਾਰਥਾਂ 'ਤੇ ਨਿਰਭਰ ਹੋਣਾ ਹੋਵੇਗਾ। ਵਾਯੂਮੰਡਲ 'ਚ ਮਿੱਟੀ ਦੇ ਕਣਾਂ ਦੇ ਵਧਣ ਨਾਲ ਪ੍ਰਦੂਸ਼ਣ ਵਧਦਾ ਹੈ। ਨਦੀਆਂ ਤੋਂ ਰੇਤ ਅਤੇ ਪੱਥਰ ਕੱਢ ਕੇ ਉਸਦੀ ਜੈਵਿਕ ਨਿਰਮਲਤਾ ਦਾ ਘਾਣ ਕਰ ਕੇ ਹਰੇ-ਭਰੇ ਕੁਦਰਤੀ ਜੰਗਲਾਂ ਅਤੇ ਪਹਾੜਾਂ ਨੂੰ ਮਾਫੀਆ ਵੱਲੋਂ ਦਰੜਿਆ ਜਾ ਰਿਹਾ ਹੈ। ਇਸ ਦੇ ਬਾਅਦ ਵੀ ਇਨਸਾਨ ਨੂੰ ਸ਼ੁੱਧ ਹਵਾ ਅਤੇ ਕੁਦਰਤੀ ਵਾਤਾਵਰਣ ਚਾਹੀਦਾ ਹੈ।

ਘਾਟਾਂ ਤੱਕ ਜਲਧਾਰਾ ਲਿਆਉਣ, ਮਲਬਾ ਹਟਾਉਣ ਅਤੇ ਗੰਗਾ ਦੀ ਸਫਾਈ ਦੇ ਬਹਾਨੇ ਨਾਜਾਇਜ਼ ਖੋਦਾਈ ਕੀਤੀ ਜਾ ਰਹੀ ਹੈ। ਇਸ ਨਾਲ ਗੰਗਾ 'ਚ ਥਾਂ-ਥਾਂ 20-25 ਫੁੱਟ ਤੱਕ ਡੂੰਘੇ ਖੱਡੇ ਪੈ ਗਏ ਹਨ ਜਿਸ ਨਾਲ ਕਈ ਥਾਵਾਂ 'ਤੇ ਗੰਗਾ ਦੀ ਜਲਧਾਰਾ ਬਦਲ ਗਈ ਹੈ ਜਦਕਿ ਹੋਰ ਕਈ ਥਾਵਾਂ 'ਤੇ ਵੀ ਜਲਧਾਰਾ ਬਦਲਣ ਦਾ ਖਤਰਾ ਵਧ ਗਿਆ ਹੈ। ਜਲਧਾਰਾ ਬਦਲਣ ਨਾਲ ਗੰਗਾ ਦੇ ਕੰਢੇ ਵੱਸੀ ਆਬਾਦੀ ਦੇ ਲਈ ਹਰ ਦਿਨ ਖਤਰਾ ਵਧ ਰਿਹਾ ਹੈ ਨਾਜਾਇਜ਼ ਖੋਦਾਈ ਕੋਈ ਲਾਇਲਾਜ ਬਿਮਾਰੀ ਨਹੀਂ ਹੈ ਜਿਸ ਨੂੰ ਰੋਕਿਆ ਨਾ ਜਾ ਸਕੇ, ਇਸ ਨੂੰ ਰੋਕਣਾ ਥੋੜ੍ਹਾ ਔਖਾ ਜ਼ਰੂਰ ਹੈ ਪਰ ਅਸੰਭਵ ਨਹੀਂ।


**drmlsharma5@gmail.com**



ਜਗ ਬਾਣੀ JAG BANI

Vol 3 Issue 173 **Ludhiana**, R.N.I. registration number AF
**Jalandhr Head office** :0181- 2280104/7,5067200/1.
**Toll Free No.** : 18001371800
**Fax** : 0181-2280111/114, 5063750, 5030036
**Advt.** : 0181-5067263, 5067253
**advt@punjabkesari.in,news@thepunjabkesari.com**
**Circulation** : 98151-65655, 0181-5067251
**Ludhiana Office** : 0161- 5092200, 5092202, 5092203, 5092204.
**Fax Ludhiana** : 0161-5092201/2.
Published & Printed for the Proprietor The Hind Samachar Limited, Civil Lines, Jalandhar, by Mr. R.S. Jolly Printed by Jagat Vijay Printers, B-71, Phase-VIII, Industrial Focal Point, Ludhiana and Published form 26-A, Sarabha Nagar, Ludhiana. Editor : Mr. R.S. Jolly
* (Editor responsible for selection of news under P.R.B. Act.)